## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ ਸਿ), ਪੰਜਾਬ

ਹੁਕਮ ਨੰ: (3931) 8/263-14 ਅਮਲਾ-3 (8) (ਕੋ:ਸੈ:4)
ਮਿਤੀ: 11-11-2014

ਸ਼੍ਰੀਮਤੀ ਨੀਲਮ ਭੱਲਾ, ਮੈਥ ਮਿਸਟ੍ਰੈਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਮਿਆਲ (ਪਠਾਨਕੋਟ) ਵਿਖੇ ਤੈਨਾਤ ਹਨ, ਦੀ ਰਿਟਾਇਰਮੈਂਟ ਮਿਤੀ 31-10-2014 ਨੂੰ ਹੈ/ਸੀ। ਪੰਜਾਬ ਸਰਕਾਰ ਦੇ ਪੱਤਰ ਨੰ: 22/2/2012-3 ਐਫ.ਪੀ. 2/475-480 ਮਿਤੀ 8-10-2012 ਦੇ ਸੰਨਮੁੱਖ ਸੇਵਾਕਾਲ ਵਿਚ ਮਿਤੀ 01-11-14 ਤੋਂ ਮਿਤੀ 31-10-2015 ਤੱਕ ਇਕ ਸਾਲ ਦਾ ਵਾਧਾ ਹੇਠ ਲਿਖੀਆਂ ਸ਼ਰਤਾਂ ਤਹਿਤ ਕੀਤਾ ਜਾਦਾ ਹੈ:-

1) ਵਧੇ ਹੋਏ ਸੇਵਾਕਾਲ ਦੌਰਾਨ ਸਬੰਧਤ ਕਰਮਚਾਰੀ ਦੀ ਤਨਖਾਹ ਆਦਿ ਲਈ, ਸਰਕਾਰ ਦੀ ਨੋਟੀਫਿਕੇਸਨ ਨੰ: 22/2/2012-3 ਐਫ.ਪੀ.2/475-80 ਮਿਤੀ 8-10-12 ਅਨੁਸਾਰ ਪੰਜਾਬ ਸਿਵਲ ਸਰਵਿਸਜ (ਪਹਿਲੀ ਸੋਧ) ਰੂਲਜ ਵਾਲਿਊਮ-1, ਪਾਰਟ-1, 2012 ਲਾਗੂ ਹੋਵੇਗੀ, ਜਿਸ ਅਨੁਸਾਰ ਰੂਲ 3.26 ਦੀ ਕਲਾਜ (ਏ) ਅਤੇ (ਬੀ) ਸੋਧੀ ਗਈ ਹੈ।

2) ਪੰਜਾਬ ਸਰਕਾਰ ਵਿੱਤ ਵਿਭਾਗ (ਵਿੱਤ ਪਰਸੋਨਲ 2 ਸ਼ਾਖਾ) ਦੇ ਪੱਤਰ ਨੰ: 22/2/2012-3 ਐਫ.ਪੀ2/159 ਮਿਤੀ 30-10-2014 ਦੇ ਹਵਾਲੇ ਵਿੱਚ ਇਸ ਕਰਮਚਾਰੀ ਵਿਰੁੱਧ ਕੋਈ ਵਿਭਾਗੀ ਕੇਸ/ਇਨਕੁਆਰੀ/ਕਰੀਮਨਲ ਕੇਸ ਜਾਂ ਵਿਜੀਲੈਂਸ ਕੇਸ ਪੈਡਿੰਗ ਹੋਣ ਦੀ ਸੂਰਤ ਵਿੱਚ ਇਹ ਵਾਧਾ ਲਾਗੂ ਨਹੀਂ ਹੋਵੇਗਾ।

3) ਵਧੇ ਹੋਏ ਸੇਵਾ ਕਾਲ ਦੌਰਾਨ ਪੱਦ ਉਨਤੀ ਦੀ ਅਸਾਮੀ ਉਪਲਬੱਧ ਹੋਣ ਦੀ ਸੂਰਤ ਵਿਚ ਸਬੰਧਤ ਕਰਮਚਾਰੀ ਨਿਯਮਾਂ ਅਨੁਸਾਰ ਅਜਿਹੀ ਅਸਾਮੀ ਦੇ ਵਿਰੁੱਧ ਪੱਦ ਉਨਤੀ ਲਈ ਵਿਚਾਰੇ ਜਾਣ ਦਾ ਪਾਤਰ ਹੋਵੇਗਾ ਅਤੇ ਪੱਦ ਉਨਤ ਹੋਣ ਦੀ ਸੂਰਤ ਵਿਚ ਉਸਦੀ ਤਨਖਾਹ ਸਬੰਧਤ ਨਿਯਮਾਂ ਅਨੁਸਾਰ ਪੱਦ ਉਨਤੀ ਦਾ ਲਾਭ ਦਿੰਦੇ ਹੋਏ, ਨਿਸ਼ਚਿਤ ਕੀਤੀ ਜਾਵੇਗੀ।

4) ਸਬੰਧਤ ਕਰਮਚਾਰੀ ਨੂੰ ਸੇਵਾ ਨਵਿਰਤੀ ਉਪਰੰਤ ਮਿਲਣ ਯੋਗ ਸਾਰੇ ਪੈਨਸ਼ਨਰੀ ਲਾਭ ਉਸਦੇ ਸੇਵਾਕਾਲ ਵਿਚ ਕੀਤੇ ਵਾਧੇ ਦੀ ਸਮਾਪਤੀ ਹੋਣ ਉਪਰੰਤ ਹੀ ਮਿਲਣ ਯੋਗ ਹੋਣਗੇ।

5) ਇਕ ਵਾਰ ਦਿੱਤੀ ਆਪਸ਼ਨ ਅੰਤਿਮ ਮੰਨੀ ਜਾਵੇਗੀ ਅਤੇ ਇਸ ਵਿਚ ਕੋਈ ਤਬਦੀਲੀ ਕਰਨ ਦੀ ਆਗਿਆ ਨਹੀਂ ਹੋਵੇਗੀ।

6) ਜੇਕਰ ਕਰਮਚਾਰੀ ਦੀ ਪੈਨਸ਼ਨ ਮਹਾਂਲੇਖਾਕਾਰ ਪੰਜਾਬ ਤੋਂ ਪ੍ਰਵਾਨਗੀ ਉਪਰੰਤ ਆਪ ਦੇ ਅਧੀਨ ਦਫਤਰ ਵਿਖੇ ਪ੍ਰਾਪਤ ਹੋ ਗਈ ਹੋਵੇ ਤਾਂ ਪੈਨਸ਼ਨਰੀ ਲਾਭਾਂ ਦੀ ਅਦਾਇਗੀ ਤੁਰੰਤ ਰੋਕ ਦਿੱਤੀ ਜਾਵੇ।

7) ਕਰਮਚਾਰੀ ਉਕਤ ਦੱਸੀਆਂ ਹਦਾਇਤਾਂ ਅਤੇ ਸਰਕਾਰ ਵਲੋਂ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਦਾ ਪਾਬੰਦ ਹੋਵੇਗਾ/ਹੋਵੇਗੀ।

8) ਜੇਕਰ ਕਿਸੇ ਵੇਲੇ ਵੀ ਕੋਈ ਤੱਥ ਗਲਤ ਪਾਇਆ ਗਿਆ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਜ਼ਿਲ੍ਹਾ ਸਿਖਿਆ ਅਫਸਰ (ਸੈ:ਸਿ:) ਅਤੇ ਸਕੂਲ ਮੁੱਖੀ ਦੀ ਹੋਵੇਗੀ।

ਡਾ. ਕਮਲ ਕੁਮਾਰ
ਡਾਇਰੈਕਟਰ ਸਿਖਿਆ ਵਿਭਾਗ (ਸੈ.ਸਿ.) ਪੰਜਾਬ।

ਪਿੱਠ ਅੰਕਣ ਨੰ: ਉਕਤ ਮਿਤੀ:-

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪਠਾਨਕੋਟ ਨੂੰ ਉਨਾਂ ਦੇ ਪੱਤਰ ਨੰ: ਅ-2014(ਅ-1)/3002-07 ਮਿਤੀ 13.10.2014 ਦੇ ਹਵਾਲੇ ਵਿਚ।
2. ਮੁੱਖ ਅਧਿਆਪਕ/ਪ੍ਰਿੰਸੀਪਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਮਿਆਲ (ਪਠਾਨਕੋਟ)।
3. ਸ਼੍ਰੀਮਤੀ ਨੀਲਮ ਭੱਲਾ, ਮੈਥ ਮਿਸਟ੍ਰੈਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਮਿਆਲ (ਪਠਾਨਕੋਟ)।

11-11-14
ਸੁਪਰਡੰਟ ਕੋਆਰਡੀਨੇਸ਼ਨ ਸੈਲ

Net